# Meeting between External Affairs Minister and Secretary General of the Gulf Cooperation Council (GCC), H.E. Dr. NayefFalah Mubarak Al-Hajraf

November 10, 2021

---

## ਵਿਦੇਸ਼ ਮੰਤਰੀ ਅਤੇ ਖਾੜੀ ਸਹਿਯੋਗ ਪ੍ਰੀਸ਼ਦ (GCC) ਦੇ ਸਕੱਤਰ ਜਨਰਲ ਮਹਾਮਹਿਮ ਡਾ. ਨਯੇਫ ਫਲਾਹ ਮੁਬਾਰਕ ਅਲ-ਹਜਰਾਫ ਵਿਚਕਾਰ ਮੀਟਿੰਗ

### 10 ਨਵੰਬਰ, 2021

1. ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਖਾੜੀ ਸਹਿਯੋਗ ਪਰਿਸ਼ਦ (GCC) ਦੇ ਸਕੱਤਰ ਜਨਰਲ ਮਹਾਮਹਿਮ ਨਯੇਫ ਫਲਾਹ ਮੁਬਾਰਕ ਅਲ-ਹਜਰਾਫ ਨਾਲ ਅੱਜ ਨਵੀਂ ਦਿੱਲੀ ਵਿਖੇ ਮੁਲਾਕਾਤ ਕੀਤੀ। GCC ਦੇ ਸਕੱਤਰ ਜਨਰਲ 10-11 ਨਵੰਬਰ, 2021 ਤੱਕ ਭਾਰਤ ਦੇ ਆਪਣੇ ਪਹਿਲੇ ਅਧਿਕਾਰਤ ਦੌਰੇ 'ਤੇ ਹਨ। ਦੋਵਾਂ ਨੇਤਾਵਾਂ ਨੇ ਭਾਰਤ ਅਤੇ GCC ਦੇ ਇਤਿਹਾਸਕ ਅਤੇ ਦੋਸਤਾਨਾ ਸਬੰਧਾਂ ਨੂੰ ਯਾਦ ਕੀਤਾ, ਜੋ ਹਾਲੀਆ ਸਾਲਾਂ ਵਿੱਚ ਮਜ਼ਬੂਤ ਹੋਏ ਹਨ। ਉਨ੍ਹਾਂ ਨੇ ਭਾਰਤ-GCC ਸਬੰਧਾਂ ਦੀ ਵਿਸਥਾਰਤ ਸਮੀਖਿਆ ਕੀਤੀ ਅਤੇ ਉਨ੍ਹਾਂ ਨੂੰ ਹੋਰ ਅੱਗੇ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ। GCC ਦੇ ਸਕੱਤਰ ਜਨਰਲ ਨੇ ਖਾੜੀ ਦੇਸ਼ਾਂ ਵਿੱਚ ਭਾਰਤੀ ਭਾਈਚਾਰੇ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ GCC ਆਪਣੇ ਆਰਥਿਕ ਵਿਕਾਸ ਵਿੱਚ ਭਾਰਤ ਦਾ ਭਾਈਵਾਲ ਬਣਨਾ ਚਾਹੁੰਦਾ ਹੈ।

2. ਵਿਦੇਸ਼ ਰਾਜ ਮੰਤਰੀ ਨੇ COVID -19 ਮਹਾਂਮਾਰੀ ਦੌਰਾਨ ਆਪਣੇ ਦੇਸ਼ਾਂ ਵਿੱਚ ਵੱਡੇ ਭਾਰਤੀ ਪਰਵਾਸੀ ਭਾਈਚਾਰੇ ਦਾ ਧਿਆਨ ਰੱਖਣ ਅਤੇ ਅਪ੍ਰੈਲ-ਮਈ, 2021 ਵਿੱਚ ਭਾਰਤ ਅੰਦਰਲੀ ਦੂਜੀ ਲਹਿਰ ਦੌਰਾਨ ਦਿੱਤੀ ਡਾਕਟਰੀ ਸਹਾਇਤਾ ਲਈ GCC ਦੇਸ਼ਾਂ ਦਾ ਧੰਨਵਾਦ ਕੀਤਾ। ਵਿਦੇਸ਼ ਰਾਜ ਮੰਤਰੀ ਨੇ ਭਾਰਤ ਵੱਲੋਂ ਆਪਣੇ ਟੀਕਾਕਰਨ ਪ੍ਰੋਗਰਾਮ ਵਿੱਚ ਕੀਤੀ ਗਈ ਤਰੱਕੀ ਬਾਰੇ ਵੀ ਸਕੱਤਰ ਜਨਰਲ ਨੂੰ ਜਾਣੂੰ ਕਰਾਇਆ। ਦੋਵਾਂ ਨੇਤਾਵਾਂ ਨੇ ਮਹਾਂਮਾਰੀ ਤੋਂ ਪੈਦਾ ਹੋਈਆਂ ਅਵੇਸਲੀਆਂ ਚੁਣੌਤੀਆਂ ਨਾਲ ਨਜਿੱਠਣ 'ਚ ਭਾਰਤ-GCC ਸਹਿਯੋਗ 'ਤੇ ਤਸੱਲੀ ਪ੍ਰਗਟਾਈ। ਵਿਦੇਸ਼ ਰਾਜ ਮੰਤਰੀ ਨੇ ਭਾਰਤ ਤੋਂ ਹਵਾਈ ਯਾਤਰਾ ਉੱਤੇ GCC ਦੇਸ਼ਾਂ ਦੁਆਰਾ ਲੱਗੀਆਂ ਪਾਬੰਦੀਆਂ' ਚ ਹੋਰ ਢਿੱਲ ਮਿਲਣ ਅਤੇ ਟੀਕਾਕਰਨ ਸਰਟੀਫਿਕੇਟਾਂ ਨੂੰ ਆਪਸੀ ਮਾਨਤਾ ਮਿਲਣ ਦੀ ਉਮੀਦ ਕੀਤੀ।

3. ਦੋਵਾਂ ਨੇਤਾਵਾਂ ਨੇ ਭਾਰਤ ਅਤੇ GCC ਵਿਚਕਾਰ ਵਪਾਰਕ ਅਤੇ ਨਿਵੇਸ਼ ਸਬੰਧਾਂ 'ਤੇ ਵੀ ਚਰਚਾ ਕੀਤੀ। ਉਨ੍ਹਾਂ ਨੇ ਤਸੱਲੀ ਪ੍ਰਗਟਾਈ ਕਿ ਕੋਵਿਡ ਲੌਕਡਾਊਨ ਦੌਰਾਨ ਵੀ ਭਾਰਤ ਅਤੇ GCC ਦਰਮਿਆਨ ਜ਼ਰੂਰੀ ਵਪਾਰ ਜਾਰੀ ਰਿਹਾ। ਦੋਵੇਂ ਧਿਰਾਂ ਨੇ ਊਰਜਾ ਸੁਰੱਖਿਆ, ਭੋਜਨ ਸੁਰੱਖਿਆ ਅਤੇ ਸਿਹਤ ਸੰਭਾਲ ਦੇ ਖੇਤਰਾਂ ਸਮੇਤ ਸਪਲਾਈ ਚੇਨ ਨੂੰ ਹੋਰ ਸੁਰੱਖਿਅਤ ਬਣਾਉਣ ਦੀ ਲੋੜ 'ਤੇ ਸਹਿਮਤੀ ਦਿੱਤੀ। ਵਿਦੇਸ਼ ਰਾਜ ਮੰਤਰੀ ਨੇ GCC ਦੇਸ਼ਾਂ ਦੇ ਸੰਪੱਤੀ ਫੰਡਾਂ ਸਣੇ ਪ੍ਰਤੱਖ ਵਿਦੇਸ਼ੀ ਨਿਵੇਸ਼ ਵਜੋਂ ਭਾਰਤ ਨੂੰ ਖਿੱਚਵੀਂ ਮੰਜ਼ਿਲ ਦੇ ਤੌਰ 'ਤੇ ਉਜਾਗਰ ਕੀਤਾ।

4. ਵਿਦੇਸ਼ ਰਾਜ ਮੰਤਰੀ ਅਤੇ GCC ਦੇ ਸਕੱਤਰ ਜਨਰਲ ਨੇ ਆਪਸੀ ਸਰੋਕਾਰ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ। ਵਿਦੇਸ਼ ਮੰਤਰੀ ਨੇ ਖੇਤਰ ਅੰਦਰ ਸਥਿਰਤਾ ਅਤੇ ਖੁਸ਼ਹਾਲੀ ਨੂੰ ਉਤਸ਼ਾਹਿਤ ਕਰਨ ਵਿੱਚ GCC ਦੁਆਰਾ ਨਿਭਾਈ ਗਈ ਰਚਨਾਤਮਕ ਭੂਮਿਕਾ ਲਈ ਸਕੱਤਰ ਜਨਰਲ ਨੂੰ ਵਧਾਈ ਦਿੱਤੀ। ਦੋਵਾਂ ਧਿਰਾਂ ਨੇ ਜਲਦੀ ਹੀ ਅਗਲੀ ਭਾਰਤ-GCC ਤਿਕੜੀ ਗੱਲਬਾਤ ਬੁਲਾਉਣ ਦਾ ਫੈਸਲਾ ਕੀਤਾ। ਗੱਲਬਾਤ ਦਾ ਪਿਛਲਾ ਗੇੜ ਨਵੰਬਰ, 2020 ਵਿੱਚ ਵਰਚੁਅਲ ਮੋਡ ਰਾਹੀਂ ਹੋਇਆ ਸੀ। ਦੋਵੇਂ ਧਿਰਾਂ ਨੇ ਆਉਣ ਵਾਲੇ ਮਹੀਨਿਆਂ ਵਿੱਚ ਇੱਕ MOU 'ਤੇ ਹਸਤਾਖਰ ਕਰਕੇ EAM ਅਤੇ GCC Troika ਵਿਚਕਾਰ ਸਾਲਾਨਾ ਮੀਟਿੰਗਾਂ ਨੂੰ ਹੋਰ ਸੰਸਥਾਗਤ ਬਣਾਉਣ ਲਈ ਵੀ ਸਹਿਮਤੀ ਦਿੱਤੀ।

5. ਮਹਾਮਹਿਮ ਡਾ. ਨਏਫ ਫਲਾਹ ਮੁਬਾਰਕ ਅਲ-ਹਜਰਾਫ 11 ਨਵੰਬਰ, 2021 ਨੂੰ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪੀਯੂਸ਼ ਗੋਇਲ ਨਾਲ ਵੀ ਚਰਚਾ ਕਰਨਗੇ।

ਨਵੀਂ ਦਿੱਲੀ
10 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.